ਪੀਏਯੂ-ਖੇਤੀਬਾੜੀ ਕਾਲਜ ਬੱਲੋਵਾਲ ਸੌਂਖੜੀ ਵਿਖੇ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ

ਅਵਤਾਰ ਸਿੰਘ ਧੀਮਾਨ

ਬਲਾਚੌਰ/3 ਅਗਸਤ : ਪੀ.ਏ.ਯੂ.- ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਨੇ ਬੀ.ਐਸ.ਸੀ.(ਆਨਰਜ਼) ਖੇਤੀਬਾੜੀ 4-ਸਾਲਾ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ ਕੀਤਾ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ: ਅਨੁਰਾਧਾ ਨੇ ਸਾਰਿਆਂ ਦਾ ਨਿੱਘਾ ਸੁਆਗਤ ਕੀਤਾ। ਡਾ. ਅਬਰਾਰ ਯੂਸਫ਼, ਅਕੈਡਮਿਕ ਕੋਆਰਡੀਨੇਟਰ ਨੇ ਨਵੇਂ ਵਿਦਿਆਰਥੀਆਂ ਨੂੰ ਇਸ ਕਾਲਜ ਵਿੱਚ ਸਫਲਤਾਪੂਰਵਕ ਦਾਖਲਾ ਪ੍ਰੀਖਿਆ ਪਾਸ ਕਰਨ ਅਤੇ ਸੀਟਾਂ ਹਾਸਲ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਨੇ ਬੀ.ਐਸ.ਸੀ. ਐਗਰੀ. (ਆਨਰਜ਼) 4-ਸਾਲਾ ਡਿਗਰੀ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਸਲਾਹਕਾਰਾਂ ਅਤੇ ਉਹਨਾਂ ਦੀ ਮਹੱਤਤਾ ਬਾਰੇ ਦੱਸਿਆ, ਜੋ ਵਿਦਿਆਰਥੀਆਂ ਦੇ ਅਕਾਦਮਿਕ ਸਫ਼ਰ ਨੂੰ ਮਾਰਗਦਰਸ਼ਨ ਕਰਨ ਵਿੱਚ ਅਹਿਮ ਭੂਮਿਕਾ

ਨਿਭਾਉਂਦੇ ਹਨ।

ਡਾ. ਸਵਪਨਿਲ ਪਾਂਡੇ(ਫਲ ਵਿਗਿਆਨੀ), ਵਾਰਡਨ ,ਗਰਲਜ਼ ਹੋਸਟਲ ਨੇ ਵਿਦਿਆਰਥੀਆਂ ਨੂੰ ਹੋਸਟਲ ਦੇ ਨਿਯਮਾਂ ਬਾਰੇ ਦੱਸਿਆ। ਇਸ ਤੋਂ ਬਾਅਦ ਡਾ: ਅਨੁਰਾਧਾ ਨੇ ਵੱਖ-ਵੱਖ ਵਿਦਿਆਰਥੀ ਕਲੱਬਾਂ ਸਪੀਕਰਜ਼ ਫੋਰਮ ਐਸੋਸੀਏਸ਼ਨ, ਯੰਗ ਰਾਈਟਰਜ਼ ਐਸੋਸੀਏਸ਼ਨ, ਡੀਡੀਐਮਸੀ, ਅਤੇ ਫਾਈਨ ਆਰਟਸ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਲੱਬ ਦੇ ਇੰਚਾਰਜਾਂ ਬਾਰੇ ਜਾਣਕਾਰੀ ਦਿੱਤੀ।

ਐਂਟੀ ਰੈਗਿੰਗ ਕਮੇਟੀ ਦੇ ਮੈਂਬਰ ਮਿਸ ਕੁਲਵਿੰਦਰ ਕੌਰ ਨੇ ਰੈਗਿੰਗ ਦੇ ਮਾੜੇ ਪ੍ਰਭਾਵਾਂ ਅਤੇ ਇਸ ਵਿਰੁੱਧ ਕਾਲਜ ਦੇ ਸਖ਼ਤ ਨਿਯਮਾਂ ਬਾਰੇ ਦੱਸਿਆ। ਇਸ ਦੇ ਨਾਲ ਹੀ ਉਹਨਾਂ ਨੇ ਕਾਉਂਸਲਿੰਗ ਸੈੱਲ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਕਿਸੇ ਵੀ ਚਿੰਤਾ ਨੂੰ ਨਿਪਟਾਉਣ ਲਈ ਉਤਸ਼ਾਹਿਤ ਕੀਤਾ। ਡਾ. ਮਨਮੋਹਨਜੀਤ ਸਿੰਘ, ਡੀਨ, ਪੀ.ਏ.ਯੂ.- ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਨੇ ਮਾਪਿਆਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ 2023 ਵਿੱਚ ਭਾਰਤ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਵਿੱਚੋਂ ਪਹਿਲੇ ਸਥਾਨ 'ਤੇ ਹੈ ਅਤੇ ਆਈ.ਸੀ.ਏ.ਆਰ. ਤੋਂ 1+ ਗ੍ਰੇਡ ਪ੍ਰਾਪਤ ਕਰਨ ਵਾਲੀ ਭਾਰਤ ਦੀ ਇੱਕੋ ਇੱਕ ਖੇਤੀਬਾੜੀ ਯੂਨੀਵਰਸਿਟੀ ਹੈ। ਉਹਨਾਂ ਨੇ ਕਾਲਜ ਵਿੱਚ ਉਪਲਬਧ ਆਧੁਨਿਕ ਸਹੂਲਤਾਂ ਜਿਵੇਂ ਕਿ ਸਮਾਰਟ ਕਲਾਸਰੂਮ, ਬੁਨਿਆਦੀ ਢਾਂਚਾ, ਪ੍ਰਯੋਗਾਤਮਕ ਖੇਤਰ, ਪ੍ਰਯੋਗਸ਼ਾਲਾਵਾਂ, ਆਧੁਨਿਕ ਲਾਇਬ੍ਰੇਰੀ, ਪੂਰੀ ਤਰ੍ਹਾਂ ਵਾਈ-ਫਾਈ ਕੈਂਪਸ, ਲੜਕਿਆਂ ਅਤੇ ਲੜਕੀਆਂ ਦੋਵਾਂ ਸ਼ਾਨਦਾਰ ਹੋਸਟਲ ਸਹੂਲਤਾਂ ਬਾਰੇ ਦੱਸਿਆ। ਇਸ ਦੇ ਨਾਲ ਹੀ ਉਹਨਾਂ ਨੇ ਵੱਖ-ਵੱਖ ਸਕਾਲਰਸ਼ਿਪਾਂ, ਜਿਵੇਂ ਕਿ ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ, ਡਾ. ਦੇਵ ਰਾਜ ਭੂੰਬਲਾ ਸਕਾਲਰਸ਼ਿਪ, ਅਤੇ ਡਾ. ਜੀ.ਐਸ. ਖੁਸ਼ ਫਾਊਂਡੇਸ਼ਨ ਬਾਰੇ ਵੀ ਦੱਸਿਆ। ਉਹਨਾਂ ਨੇ ਸਮੈਸਟਰ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਹਾਜ਼ਰੀ ਅਤੇ ਅਕਾਦਮਿਕ ਲੋੜਾਂ ਬਾਰੇ ਵਿਸਥਾਰ ਨਾਲ ਦੱਸਿਆ, ਮਾਪਿਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਅਤੇ ਸਲਾਹਕਾਰਾਂ ਨਾਲ ਨਿਯਮਤ ਤਾਲਮੇਲ ਬਣਾਈ ਰੱਖਣ ਦੀ ਅਪੀਲ ਵੀ ਕੀਤੀ। ਅੰਤ ਵਿੱਚ ਡਾ.ਕੇ.ਕੇ. ਸ਼ਰਮਾ, ਕਲਾਸ ਇੰਚਾਰਜ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਪਾਥਫਾਇੰਡਰ ਗਲੋਬਲ ਸਕੂਲ ਦੇ ਖਿਡਾਰੀਆਂ ਨੇ ਸੇਂਟ ਜ਼ੇਵੀਅਰ ਰਾਮਪੁਰਾ ਫੂਲ ਨੂੰ ਹਰਾ ਕੇ ਪਹਿਲੀ ਪੁਜੀਸ਼ਨ ਕੀਤੀ ਹਾਸਲ

ਪੜ੍ਹਾਈ ਦੇ ਨਾਲ ਖੇਡਾਂ ਵੀ ਅਤਿ ਮਹੱਤਵਪੂਰਨ : ਐਮਡੀ ਸਮਿਤ ਬਾਂਸਲ

ਹੈਪੀ ਹਰਪ੍ਰੀਤ

ਬਠਿੰਡਾ /3 ਅਗਸਤ : ਬੀਤੇ ਦਿਨੀਂ ਜੋਨਲ ਖੇਡਾਂ ਵਿੱਚ ਲੜਕੀਆਂ ਦੇ ਮੁਕਾਬਲੇ ਮੰਡੀ ਫੂਲ ਜੋਨ (ਮਹਿਰਾਜ) ਵਿਖੇ ਕਰਵਾਏ ਗਏ ਜਿਸ ਵਿੱਚ ਪਾਥਫਾਇੰਡਰ ਗਲੋਬਲ ਸਕੂਲ ਦੇ ਅੰਡਰ 14 ਲੜਕੀਆਂ ਦੀ ਕਬੱਡੀ ਟੀਮ ਨੇ ਸੈਂਟ ਜੇਵੀਅਰ ਸਕੂਲ ਰਾਮਪੁਰਾ ਦੀ ਟੀਮ ਨੂੰ 1-0 ਦੇ ਫਰਕ ਨਾਲ ਹਰਾ ਕੇ ਪਹਿਲਾਂ ਸਥਾਨ ਹਾਸਿਲ ਕੀਤਾ ਅਤੇ ਅੰਡਰ 17 ਲੜਕੀਆਂ ਦੀ ਫੁੱਟਬਾਲ ਟੀਮ ਨੇ ਸਰਕਾਰੀ ਸਕੂਲ ਸੇਲਬਰਾਹ ਦੀ ਟੀਮ ਨਾਲ ਫਾਈਨਲ ਮੈਚ ਵਿੱਚ ਆਪਣਾ ਚੰਗਾ ਪ੍ਰਦਰਸਨ ਕਰਦੇ ਹੋਏ ਦੂਜਾ ਸਥਾਂਨ ਹਾਸਿਲ ਕੀਤਾ ਇਸ ਤਰ੍ਹਾਂ ਹੀ ਕਬੱਡੀ ਨੈਸ਼ਨਲ ਸਟਾਈਲ ਤੇ ਮੁਕਾਬਲਿਆਂ ਵਿੱਚ ਅੰਡਰ 14 ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਅਤੇ ਅੰਡਰ 17 ਸਾਲ ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਅਤੇ ਅੰਡਰ 19 ਲੜਕੀਆਂ ਦੀ ਟੀਮ ਨੇ ਦੂਜਾ ਸਥਾਂਨ ਹਾਸਿਲ ਕੀਤਾ ਅਤੇ ਬੈਡਮਿੰਟਨ ਟੀਮ ਅੰਡਰ 14 ਲੜਕਿਆਂ ਨੇ ਤੀਜਾ ਸਥਾਨ ਹਾਸਿਲ ਕੀਤਾ। ਇੰਨਾ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਸਮੂਹ ਖਿਡਾਰੀਆਂ ਨੂੰ ਸਕੂਲ ਦੇ ਚੇਅਰਮੈਨ ਸੁਨੀਲ ਬਾਂਸਲ, ਪ੍ਰਿੰਸੀਪਲ ਸ੍ਰੀਮਤੀ ਈਸ਼ੂ ਬਾਂਸਲ ਅਤੇ ਮਨੈਜਿੰਗ ਡਾਇਰੈਕਟਰ ਸੁਮਿਤ ਬਾਂਸਲ ਨੇ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਅਤੇ ਬੱਚਿਆਂ ਨੂੰ ਵਧਾਈ ਦਿੱਤੀ। ਐਮ ਡੀ ਸਮਿਤ ਬਾਂਸਲ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਮਹੱਤਵਪੂਰਨ ਹੁੰਦੀਆਂ ਹਨ।

ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)
ਜੋਨਲ ਦਫਤਰ ਲੁਧਿਆਣਾ
ਸੋਧ
ਮਿਤੀ 13.07.2024 ਨੂੰ ਦੇਸ਼ ਸੇਵਕ ਵਿਖੇ ਪ੍ਰਕਾਸ਼ਤ ਈ-ਨਿਲਾਮੀ ਵਿਕਰੀ ਨੋਟਿਸ ਲੜੀ ਨੰ 08 ਵਿਖੇ ਖਾਤਾ ਮਿਸ. ਅਲਕਾ, ਬੀ/ਓ ਹੈਡੋਂ, ਲੁਧਿਆਣਾ ਅਤੇ ਲੜੀ ਨੰ 10 ਵਿਖੇ ਦਿਤਾ ਗਿਆ ਖਾਤਾ ਸ੍ਰੀ ਜਗਦੀਸ਼ ਪਾਲ ਸਿੰਘ, ਬੀ/ਓ-ਮਾਡਲ ਟਾਉਨ, ਲੁਧਿਆਣਾ ਈ-ਨਿਲਾਮੀ ਸਾਰਣੀ ਵਿਚੋਂ ਮਿਤੀ 22.08.2024 ਲਈ ਵਾਪਸ ਲੈ ਲਿਆ ਗਿਆ ਹੈ।
ਅਧਿਕਾਰਤ ਅਫਸਰ

ਪਬਲਿਕ ਨੋਟਿਸ

ਸਨਮੁਖ ਸ੍ਰੀ ਰਾਜੀਵ ਤਿਵਾੜੀ, ਅਸਿਸਟੈਂਟ ਅਸਟੇਟ ਆਫਿਸਰ, ਯੂ.ਟੀ., ਚੰਡੀਗੜ੍ਹ (ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ)

ਵਿਸ਼ਾ : ਐਸਸੀਓ ਨੰ 2903-2904, ਸੈਕਟਰ 22-ਸੀ, ਚੰਡੀਗੜ੍ਹ ਦੇ 10 ਫੀਸਦੀ ਹਿਸੇ ਦੇ ਲੀਜਹੋਲਡ ਹੱਕ ਰਜਿਸਟਰਡ ਵਿਕਰੀ ਡੀਡ ਮਿਤੀ 09.09.1986 ਦੇ ਅਧਾਰ 'ਤੇ ਤਬਦੀਲ ਕਰਨ ਸਬੰਧੀ।

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਰਿਕਾਰਡ ਮੁਤਾਬਕ ਜਾਇਦਾਦ ਐਸਸੀਓ ਨੰ 2903-2904, ਸੈਕਟਰ 22-ਸੀ, ਚੰਡੀਗੜ੍ਹ ਦਾ ਹਿਸਾ 1. ਸ੍ਰੀ ਨਛੱਤਰ ਸਿੰਘ ਗਿੱਲ-20 ਫੀਸਦੀ ਹਿਸਾ, 2. ਸ੍ਰੀਮਤੀ ਗੁਰਦੀਪ ਕੌਰ-20 ਫੀਸਦੀ ਹਿਸਾ, 3. ਸ੍ਰੀ ਰਾਜਦੀਪ ਸਿੰਘ ਵਾਲੀਆ-20 ਫੀਸਦੀ ਹਿਸਾ, 4. ਸ੍ਰੀ ਪਰਮਦੀਪ ਸਿੰਘ-20 ਫੀਸਦੀ ਹਿਸਾ, ਅਤੇ 5. ਸ੍ਰੀ ਰਿਪੁਦਮਨ-20 ਫੀਸਦੀ ਹਿਸਾ ਦੇ ਨਾਂ ਹੈ। ਸ੍ਰੀ ਪਰਮਦੀਪ ਸਿੰਘ ਗਿੱਲ ਪੁੱਤਰ ਸਵ. ਸ੍ਰੀ ਨਛੱਤਰ ਸਿੰਘ ਨੇ ਦਸਿਆ ਹੈ ਕਿ 20 ਫੀਸਦੀ ਦੀ ਵਿਕਰੀ ਸ੍ਰੀ ਰਿਪੁਦਮਨ ਪੁੱਤਰ ਭਰਪੂਰ ਸਿੰਘ ਦਰਮਿਆਨ ਰਾਹੀਂ ਇਸ ਦੇ ਜੀਪੀਏ ਸ੍ਰੀ ਨਛੱਤਰ ਸਿੰਘ ਗਿੱਲ ਤਹਰੀਰ ਕੀਤੀ ਗਈ ਹੈ ਅਤੇ ਦਸੀ ਜੀਪੀਏ ਰਾਹੀਂ ਲੜੀ ਨੰ 557, ਬੁਕ ਨੰ 4, ਵੋਲਯੂਮ ਨੰ 26, ਸਫਾ ਨੰ 23, ਮਿਤੀ 10.07.2019 ਜੋ ਸਬ ਰਜਿਸਟਰਾਰ ਯੂਟੀ, ਚੰਡੀਗੜ੍ਹ ਦੇ ਦਫਤਰ ਵਿਖੇ ਰਜਿਸਟਰਡ (ਵਿਕਰੇਤਾ) ਅਤੇ ਸ੍ਰੀ ਰਾਜਦੀਪ ਸਿੰਘ ਗਿੱਲ ਤੇ ਸ੍ਰੀ ਕਮਲਦੀਪ ਗਿੱਲ ਦੋਵੇਂ ਪੁੱਤਰ ਸ੍ਰੀ ਨਛੱਤਰ ਸਿੰਘ (ਖਰੀਦਦਾਰ)। ਵਿਕਰੀ ਡੀਡ ਰਾਹੀਂ ਲੜੀ ਨੰ 819, ਬੁਕ ਨੰ 1, ਵੋਲਯੂਮ ਨੰ 66, ਸਫਾ ਨੰ 338, ਮਿਤੀ 09.09.1986 ਜੋ ਸਬ ਰਜਿਸਟਰਾਰ, ਯੂਟੀ, ਚੰਡੀਗੜ੍ਹ ਦੇ ਦਫਤਰ ਵਿਖੇ ਰਜਿਸਟਰਡ ਹੈ।

ਸ੍ਰੀ ਪਰਮਦੀਪ ਸਿੰਘ ਪੁੱਤਰ ਸਵ. ਸ੍ਰੀ ਨਛੱਤਰ ਸਿੰਘ ਵਾਸੀ ਮਕਾਨ ਨੰ 28, ਸੈਕਟਰ 2, ਪੰਚਕੂਲਾ ਨੇ ਐਸਸੀਓ ਨੰ 2903-2904, ਸੈਕਟਰ 22-ਸੀ, ਚੰਡੀਗੜ੍ਹ ਦੇ 10 ਫੀਸਦੀ ਹਿਸੇ ਦੇ ਲੀਜਹੋਲਡ ਹੱਕ ਰਜਿਸਟਰਡ ਵਿਕਰੀ ਡੀਡ ਮਿਤੀ 09.09.1986 ਦੇ ਅਧਾਰ 'ਤੇ ਆਪਣੇ ਨਾਂ ਤਬਦੀਲ ਕਰਨ ਬੇਨਤੀ ਕੀਤੀ ਹੈ। ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਦਫਤਰ ਦੇ ਪੰਧ ਵਿਚ ਕੀਤੇ ਜਾਣ 'ਚ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਲਿਖ਼ਤੀ ਤੌਰ 'ਤੇ ਨਿਮਨਹਸਤਾਖਰੀ ਦੇ ਦਫਤਰ ਸਬੰਧਤ ਦਸਤਾਵੇਜਾਂ ਦੇ ਨਾਲ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਭੇਜ ਸਕਦਾ ਹੈ। ਅਜਿਹਾ ਨਾ ਹੋਣ 'ਤੇ ਉਪਰੋਕਤ ਜਾਇਦਾਦ ਦੇ ਦਰਸਾਏ ਇਰਾਦਾ ਕਰ ਦਿੱਤਾ ਜਾਵੇਗਾ ਅਤੇ ਇਸ ਉਪਰੰਤ ਕਿਸੇ ਦਾਅਵੇ ਨੂੰ ਮੰਨਿਆ ਨਹੀਂ ਜਾਵੇਗਾ।

ਸ੍ਰੀ ਰਾਜੀਵ ਤਿਵਾੜੀ, ਅਸਿਸਟੈਂਟ ਅਸਟੇਟ ਆਫਿਸਰ, ਯੂ.ਟੀ., ਚੰਡੀਗੜ੍ਹ
(ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ)

ਪਬਲਿਕ ਨੋਟਿਸ
ਜਾਇਦਾਦ ਦੀ ਖਰੀਦ ਕਰਨ ਤੋਂ ਪਹਿਲਾਂ ਜਨਤਕ ਦਾਅਵੇ ਲਈ ਆਮ ਜਨਤਕ ਨੋਟਿਸ

ਹਰ ਆਮ ਤੇ ਖਾਸ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਸ਼੍ਰੀਮਤੀ ਚਾਰੂ ਗੁਪਤਾ ਪਤਨੀ ਸ੍ਰੀ ਮੁਕੇਸ਼ ਗੁਪਤਾ ਅਤੇ ਪੁੱਤਰੀ ਸ੍ਰੀ ਅਸ਼ੋਕ ਕੁਮਾਰ ਗੁਪਤਾ ਵਾਸੀ ਪਲਾਟ ਨੰ.09-10, ਕੋਹਿਨੂਰ ਪਾਰਕ, ਬੈਕਸਾਈਡ ਮਿਡਵੇਜ਼ ਹਸਪਤਾਲ, ਰਾਮਗੁਰੂ ਨਗਰ, ਲੁਧਿਆਣਾ (ਆਧਾਰ ਨੰ. 7516-7087- 9576) ਜੋ ਜਾਇਦਾਦ ਖਸਰਾ ਨੰ.1148/357, 346, 353, 350, 351, 352, 351, 352, 351, 352, ਖਾਤਾ ਨੰਬਰ 1423/1794, 1425/1795, 1428/1796, 1428/1796, 1428/1796, ਜਿਸਦੀ ਜਮਾਬੰਦੀ ਸਾਲ 2016-2017 ਪਿਛ ਬਾਤੇਵਾਲ ਅਵਾਨਾ, ਐਚ ਬੀ ਨੰਬਰ 157, ਤਹਿਸੀਲ ਪੱਛਮੀ, ਜ਼ਿਲ੍ਹਾ ਲੁਧਿਆਣਾ ਦੀ ਮਾਲ ਅਸਟੇਟ ਵਿੱਚ ਸਥਿਤ ਹੈ ਰਕਬਾ 200 ਵਰਗ ਗਜ਼ ਬਾਕੀ ਕੁੱਲ 500 ਵਰਗ ਗਜ਼ ਜਾਇਦਾਦ ਦੀਆ ਹੱਦਾ ਟਰਾਂਸਫਰ ਡੀਡ ਮੁਤਾਬਿਕ ਹੇਠ ਲਿਖੇ ਅਨੁਸਾਰ ਹੈ:- ਪੂਰਬ: ਪਲਾਟ ਨੰ. 75 (60'), ਪੱਛਮ: ਕਰਨਲ ਹਰਚਰਨ ਸਿੰਘ ਰੇਗੀ (60) ਪਲਾਟ ਨੰਬਰ 74 ਦਾ ਬਾਕੀ ਹਿੱਸਾ, ਉੱਤਰ: 30' ਚੌੜੀ ਸੜਕ (30'), ਦੱਖਣ: ਪਲਾਟ ਨੰ. 73 (30') । ਮੇਰੇ ਕਲਾਈਂਟ ਸ਼੍ਰੀਮਤੀ ਮੇਘਾ ਗੁਪਤਾ (ਆਧਾਰ ਕਾਰਡ ਨੰ. 9400-8382-8885) ਪਤਨੀ ਸ੍ਰੀ ਸਲਿਲ ਗਰਗ ਅਤੇ ਸ੍ਰੀ ਸਲਿਲ ਗਰਗ (ਆਧਾਰ ਕਾਰਡ ਨੰ. 3432-4973-8699) ਪੁੱਤਰ ਸ੍ਰੀ ਬਲਰਾਜ ਗਰਗ, ਦੋਵੇਂ ਵਾਸੀ ਮਕਾਨ ਨੰ. 793, ਵਾਰਡ ਨੰ.1, ਮੁਹੱਲਾ ਰੱਤੀਆਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। ਨੇ ਦੱਸਿਆ ਕਿ ਰਾਘਵ ਗੁਪਤਾ ਮਿਤੀ 17/08/2004 ਜਿਸਦਾ ਵਸੀਕਾ ਨੰਬਰ 11691 ਵਾਲੀ ਵਿਕਰੀ ਡੀਡ ਰਾਹੀ 500 ਵਰਗ ਗਜ਼ ਦੀ ਕੁੱਲ ਜਾਇਦਾਦ ਦਾ ਮਾਲਕ ਸੀ ਅਤੇ ਇੱਕ ਵਿਆਕਤੀ ਕਰਨਲ ਹਰਚਰਨ ਸਿੰਘ ਰੇਗੀ ਪੁੱਤਰ ਤਾਰਾ ਸਿੰਘ ਵਾਸੀ ਮਕਾਨ ਨੰ.167, ਦਿਆਲ ਨਗਰ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ 24/05/1990 ਨੂੰ ਵਸੀਕਾ ਨੰਬਰ 2776 ਦੀ ਸੇਲ ਡੀਡ ਦੇ ਰਾਹੀਂ ਉਕਤ 500 ਵਰਗ ਗਜ਼ ਦੇ ਪਲਾਟ ਦੇ ਮਾਲਕ ਹੋਣ ਦਾ ਦਾਅਵਾ ਵੀ ਕੀਤਾ ਜਾ ਰਿਹਾ ਸੀ ਅਤੇ ਦੋਵਾਂ ਨੇ ਉਕਤ ਪਲਾਟ ਦੀ ਮਾਲਕੀ ਅਤੇ ਕਬਜੇ ਸਬੰਧੀ ਇੱਕ ਦੂਜੇ ਵਿਰੁੱਧ ਮੁਕੱਦਮੇ ਦਾਇਰ ਕੀਤੇ ਸਨ। ਇਸ ਪਲਾਟ ਸਬੰਧੀ ਇਸ ਤੋਂ ਬਾਅਦ, ਮਿਤੀ 10/04/2023 ਨੂੰ ਦੋਵਾਂ ਵਿਚਕਾਰ ਸਮਝੌਤਾ ਡੀਡ ਰਾਹੀਂ ਸਮਝੌਤਾ ਕਰਕੇ ਦੋਵਾਂ ਵਿਚਕਾਰ ਸਮਝੌਤਾ ਹੋਇਆ ਹੈ ਅਤੇ ਸਮਝੌਤੇ ਅਨੁਸਾਰ ਸਾਈਟ ਪਲਾਨ ਵਿੱਚ ਹਰੇ ਰੰਗ ਵਜੋਂ ਦਰਸਾਏ ਗਏ ਹਿੱਸੇ ਭਾਵ 500 ਵਰਗ ਗਜ਼ ਦੀ ਕੁੱਲ ਜਾਇਦਾਦ ਵਿੱਚੋਂ 200 ਵਰਗ ਗਜ਼ ਦੀ ਜਾਇਦਾਦ ਨੂੰ ਰਾਘਵ ਗੁਪਤਾ ਆਪਣੇ ਕਬਜ਼ੇ ਵਿਚ ਰੱਖਣਾ ਅਤੇ ਨਕਸ਼ੇ ਲਾਲ ਰੰਗ ਵਿਚ ਦਿਖਾਇਆ ਗਿਆ ਹਿੱਸਾ ਭਾਵ ਕੁੱਲ 500 ਵਰਗ ਮਾਪ ਵਾਲੀ ਜਾਇਦਾਦ ਵਿਚੋਂ 300 ਵਰਗ ਗਜ਼ ਦੀ ਜਾਇਦਾਦ ਹਰਚਰਨ ਸਿੰਘ ਰੇਗੀ ਦੇ ਕਬਜ਼ੇ ਵਿਚ ਰਹੇਗੀ ਅਤੇ ਸਮਝੌਤਾ ਡੀਡ ਵਿਚ ਉਨ੍ਹਾਂ ਨੇ ਆਪਸੀ ਦੋਵਾਂ ਦੀ ਸਹਿਮਤੀ ਪ੍ਰਗਟ ਕੀਤੀ ਹੈ ਕਿ ਉਹ ਆਪਣੇ ਆਪਣੇ ਹਿੱਸੇ ਨੂੰ ਵੇਚ ਸਕਦੇ ਹਨ। 500 ਵਰਗ ਗਜ਼ ਦੀ ਕੁੱਲ ਜ਼ਮੀਨ ਦੇ ਹਿੱਸੇ ਵਿੱਚੋਂ ਰਕਬਾ ਭਵਿੱਖ ਵਿੱਚ ਉਨ੍ਹਾਂ ਦੇ ਆਪਣੇ ਸਬੰਧਤ ਟਾਈਟਲ ਡੀਡ ਦੇ ਬਰਾਬਰ ਹੈ ਅਤੇ ਉਹ ਕਿਸੇ ਵੀ ਤਰੀਕੇ ਨਾਲ ਇਸ 'ਤੇ ਇਤਰਾਜ਼ ਨਹੀਂ ਕਰਨਗੇ। ਰਾਘਵ ਗੁਪਤਾ ਨੇ ਆਪਣੇ ਹਿੱਸੇ ਦੀ ਜਾਇਦਾਦ 200 ਵਰਗ ਗਜ਼ ਆਪਣੀ ਭੈਣ ਸ਼੍ਰੀਮਤੀ ਚਾਰੂ ਗੁਪਤਾ ਪਤਨੀ ਸ਼੍ਰੀ ਮੁਕੇਸ਼ ਗੁਪਤਾ ਅਤੇ ਪੁੱਤਰੀ ਸ਼੍ਰੀ ਅਸ਼ੋਕ ਕੁਮਾਰ ਗੁਪਤਾ ਨੂੰ ਰਜਿਸਟਰਡ ਵਸੀਕਾ ਨੰਬਰ 5054 ਮਿਤੀ 20/06/2023 ਨੂੰ ਟਰਾਂਸਫਰ ਡੀਡ ਰਾਹੀਂ ਤਬਦੀਲ ਕਰ ਦਿੱਤੀ ਸੀ ਅਤੇ ਹੁਣ ਚਾਰੂ ਗੁਪਤਾ ਨੇ ਕਿਹਾ ਕਿ ਉਕਤ ਸੰਪਤੀ ਹਰ ਤਰ੍ਹਾਂ ਦੋਸ਼ ਤੋਂ ਮੁਕਤ ਹੈ ਅਤੇ ਜੇਕਰ ਕਿਸੇ ਵਿਅਕਤੀ ਜਾਂ ਸੰਸਥਾ ਜਾਂ ਵਿੱਤੀ ਸੰਸਥਾ ਕੋਲ ਉਕਤ ਸੰਪਤੀ ਦੇ ਸਬੰਧ ਵਿਚ ਕਿਸੇ ਕਿਸਮ ਦਾ ਕੋਈ ਹੱਕ, ਸਿਰਲੇਖ, ਲਿਖਤੀ, ਦਿਲਚਸਪੀ, ਦਾਅਵਾ ਜਾਂ ਕਿਸੇ ਕਿਸਮ ਦੀ ਮੰਗ ਹੈ, ਤਾਂ ਓਹ ਇਸ ਜਨਤਕ ਨੋਟਿਸ ਦੁਆਰਾ ਇਸ ਨੂੰ ਲਿਖਤੀ ਰੂਪ ਵਿਚ ਸਾਨੂੰ ਜਾਣੂ ਕਰਵਾਉਣਾ ਜ਼ਰੂਰੀ ਹੈ।